(i) Printed Pages : 4 Roll No. ..............................

(ii) Questions : 6 **Sub. Code : 1 7 5 0 8**

**Exam. Code : 0 0 0 6**

**B.A./B.Sc. (General) 6th Semester**

**(2056)**

# PUNJABI

**Paper : Elective**

**Time Allowed : Three Hours]** **[Maximum Marks : 90**

**ਨੋਟ :–** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਅੰਕਾਂ ਨੂੰ ਸਾਹਮਣੇ ਰੱਖ ਕੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣ। ਪ੍ਰਸ਼ਨ ਨੰ: 3 ਅਤੇ 4 ਦੇ ਸਾਰੇ ਭਾਗ ਇੱਕੋ ਥਾਂ ਇੱਕਠੇ ਹੱਲ ਕੀਤੇ ਜਾਣ।

1. ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਮਿੱਠਾ ਮੇਵਾ ਬਖਸ਼ ਅਜੇਹਾ ਕੁਦਰਤ ਦੀ ਘੱਤ ਸ਼ੀਰੀ
ਜੋ ਖਾਵੇ ਰੋਗ ਉਸ ਦਾ ਜਾਵੇ ਦੂਰ ਹੋਵੇ ਦਿਲਗੀਰੀ
ਸਦਾ ਬਹਾਰ ਦੇਈਂ ਇਸ ਬਾਗੇ ਕਦੇ ਖਿਜ਼ਾਂ ਨਾ ਆਵੇ
ਹੋਵਣ ਫ਼ੈਜ਼ ਹਜ਼ਾਰਾਂ ਤਾਈਂ ਹਰ ਭੁੱਖਾ ਫਲ਼ ਖਾਵੇ।।

**ਜਾਂ**

ਜ਼ਾਲਮ ਰੋਗ ਇਸ਼ਕ ਦਾ ਮਾਰੂ।
ਬਾਝ ਦੀਦਾਰ ਨਹੀਂ ਕੋਈ ਦਾਰੂ।
ਸ਼ਹੁ ਦਰਿਆ ਉਤਰੇ ਕੋਈ ਤਾਰੂ।
ਸੌ ਡੁਬਦਾ ਇਕ ਤਰਦਾ ਈ। 10



Scanned with OKEN Scanner

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ ਵਸਤੂ/ਥੀਮ ਸਪਸ਼ਟ ਕਰੋ:

(1) ਕੀ ਦਿਲ ਦਾ ਹਾਲ ਸੁਨਾਵਾਂ ਮੈਂ

(2) ਬਾਦਸ਼ਾਹੋਂ ਦਾ ਦੇਵਤਾ ਤੇਜ। 10

2. (ੳ) ਸਾਹਿਤਕ ਆਲੋਚਨਾ ਕਰੋ:

ਜ਼ੇ ਜ਼ੁਬਾਨ ਥੀਂ ਰਾਜੇ ਨੇ ਹੁਕਮ ਕੀਤਾ,
ਘਰ ਜਾਹ ਸਲਾਮ ਕਰ ਮਾਈਆਂ ਨੂੰ।
ਜਿਸ ਵਾਸਤੇ ਭੋਰੇ ਦੇ ਵਿੱਚ ਪਾਇਆ,
ਹੁਣ ਮੋੜ ਨਾ ਖੁਸ਼ੀਆਂ ਆਈਆਂ ਨੂੰ।
ਹੁਕਮ ਬਾਪ ਦਾ ਉੱਠ ਕੇ ਮੰਨ ਤੁਰਦਾ,
ਅੱਗੇ ਆਇ ਲੈਂਦਾ ਨਫ਼ਰਾਂ ਨਾਈਆਂ ਨੂੰ
ਕਾਦਰਯਾਰ ਮੈਂ ਸਿਫਤਿ ਕੀ ਕਰਾਂ ਉਸਦੀ,
ਰੰਨਾ ਦੇਖ ਭੁਲਾਇਆ ਸਾਈਆਂ ਨੂੰ।

**ਜਾਂ**

"ਓ ਪ੍ਰੀਤ! ਤੂੰ ਮੁਲਕ ਨਹੀਂ ਵੇਖਦੀ, ਕੌਮ ਨਹੀਂ ਵੇਖਦੀ, ਲਹੂ ਨਹੀਂ ਵੇਖਦੀ, ਉਮਰ ਨਹੀਂ ਵੇਖਦੀ - ਜਿੱਥੇ ਜੀ ਆਵੀ, ਜਿਦ੍ਹੇ ਨਾਲ ਜੀ ਆਵੀ, ਆਪਣੀਆਂ ਪੁਸ਼ਪ-ਕੜੀਆਂ ਨਾਲ ਤੂੰ ਕਸ ਦੇਨੀ ਏਂ।" 10

(ਅ) ਕਿਸੇ **ਇੱਕ** ਨਿਬੰਧ ਦੀ ਸਾਹਿਤਕ ਆਲੋਚਨਾ ਕਰੋ:

(1) ਗੰਗਾਦੀਨ

(2) ਵਿਦਿਆ ਵਿਚਾਰੀ ਤਾਂ ਪਰਉਪਕਾਰੀ। 10

3. ਲਘੂ ਉੱਤਰ ਲਿਖੋ (ਕੋਈ **ਪੰਜ** ਪ੍ਰਸ਼ਨ ਕਰੋ):

(1) 'ਬਾਗ ਬਹਾਰਾਂ' ਦੋਹੜੇ ਵਿੱਚ ਮੀਆ ਮੁਹੰਮਦ ਬਖਸ਼ ਨੇ ਕੀ ਕਹਿਣਾ ਚਾਹਿਆ ਹੈ?



Scanned with OKEN Scanner

(2) ਪੂਰਨ ਭਗਤ ਦੇ ਪਿਤਾ ਦਾ ਨਾਂ ਦੱਸੋ ਅਤੇ ਉਹ ਕਿੱਥੋਂ ਦਾ ਰਾਜਾ ਸੀ?

(3) ਖਲਕਤ ਨੇ ਜਿਊਣੇ ਮੌੜ ਵਿਰੁੱਧ ਸਰਕਾਰ ਕੋਲ ਕੀ ਫ਼ਰਿਆਦ ਕੀਤੀ?

(4) 'ਸੂਰਾ ਸੋ ਸਾਲਾਹੀਏ' ਸਿਰਲੇਖ ਹੇਠ ਦਰਜ ਅੰਸ਼ ਵਿੱਚ ਭਗਵਾਨ ਸਿੰਘ ਨੇ ਕਿਹੋ ਜਿਹੇ ਸੂਰਮੇ ਨੂੰ ਵਡਿਆਇਆ ਹੈ?

(5) ਜਿਸਦੇ ਹੱਥ ਵਿੱਚ ਕਿਰਤ ਨਹੀਂ, ਉਹ ਨਿਕੰਮਾ ਆਦਮੀ ਹੈ, ਕਿਵੇਂ?

(6) ਜੁੱਤੀ ਨੂੰ ਪਾਉਣ ਯੋਗ ਕਰਨ ਲਈ ਲੇਖਕ ਨੇ ਕੀ ਕੀ ਯਤਨ ਕੀਤੇ?

(7) 'ਮੰਮੀ, ਗੁੱਡੂ ਤੇ ਭਾਈਆਂ' ਨਿਬੰਧ ਵਿੱਚ ਪਰਵਾਸੀ ਜੀਵਨ ਬਾਰੇ ਕੀ ਚਾਨਣਾ ਪਾਇਆ ਗਿਆ ਹੈ?

(8) ਮਿਲਖਾ ਸਿੰਘ ਨੂੰ ਫਲਾਈਂਗ ਸਿੱਖ ਕਿਉਂ ਕਿਹਾ ਜਾਂਦਾ ਹੈ? 2×5=10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਚਾਰ** ਪ੍ਰਸ਼ਨ ਕਰੋ:

(1) ਕਿਸੇ ਚਾਰ ਸੂਫ਼ੀ ਕਵੀਆਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਨਾਂ ਲਿਖੋ।

(2) ਕਾਦਰਯਾਰ ਦੀ ਪੰਜਾਬੀ ਕਿਸਾ ਸਾਹਿਤ ਨੂੰ ਕੀ ਦੇਣ ਹੈ? ਸਪਸ਼ਟ ਕਰੋ।

(3) ਭਗਵਾਨ ਸਿੰਘ ਦਾ ਜੀਵਨ ਕਾਲ ਦੱਸੋ। ਉਸ ਦੁਆਰਾ ਰਚੇਂ 'ਜਿਊਣਾ ਮੌੜ' ਕਿੱਸੇ ਵਿੱਚ ਵਰਤੇ ਗਏ ਛੰਦਾਂ ਬਾਰੇ ਜਾਣਕਾਰੀ ਦਿਓ।

(4) ਮੁਢਲੇ ਬਸਤੀਵਾਦੀ ਕਾਲ ਵਿੱਚ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਪੰਜਾਬ ਵਿੱਚ ਕਿਹੜੀਆਂ ਧਾਰਮਿਕ ਸੁਧਾਰਵਾਦੀ ਲਹਿਰਾਂ ਚੱਲੀਆਂ?

(5) ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਦੱਸੋ।

(6) ਸਿੰਘ ਸਭਾ ਲਹਿਰ ਨੇ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਕੀ ਯੋਗਦਾਨ ਪਾਇਆ? 5×4=20

5. ਅਰਸਤੂ ਦੇ ਅਨੁਕਰਣ ਸਿਧਾਂਤ ਉੱਤੇ ਨੋਟ ਲਿਖੋ।

**ਜਾਂ**

ਸਾਹਿਤ ਅਧਿਐਨ ਦੀ ਮਾਰਕਸਵਾਦੀ ਵਿਧੀ ਬਾਰੇ ਜਾਣਕਾਰੀ ਦਿਓ। 10



Scanned with OKEN Scanner

6. ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਦਿੰਦਿਆਂ ਇਸਦੇ ਮਾਨਵ ਵਿਗਿਆਨ ਨਾਲ ਆਪਸੀ ਸੰਬੰਧਾਂ ਨੂੰ ਵਿਚਾਰੋ।

**ਜਾਂ**

ਭਾਸ਼ਾ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਆਪਸ ਵਿੱਚ ਸੰਬੰਧਾਂ ਨੂੰ ਸਪਸ਼ਟ ਕਰੋ। 10



Scanned with OKEN Scanner